(i) Printed Pages : 3 Roll No. ..............................

(ii) Questions : 7 **Sub. Code : 0 8 6 1**

**Exam. Code : 0 0 2 1**

**Bachelor of Business Administration 1st Sem.**

**(2122)**

**PUNJABI**

**Paper : BBA101-A**

**Time Allowed : Three Hours] [Maximum Marks : 45**

**ਨੋਟ** :– ਸਾਰੇ ਪ੍ਰਸ਼ਨ ਲਾਜ਼ਮੀ ਹਨ।

1. ਹੇਠ ਲਿਖੇ ਕਾਵਿ-ਟੋਟਿਆਂ ਵਿੱਚੋਂ ਕਿਸੇ **ਇੱਕ** ਦੀ ਪ੍ਰਸੰਗ ਦੱਸ ਕੇ ਵਿਆਖਿਆ ਕਰੋ :

(ੳ) ਮੈਨੂੰ ਰੰਗ ਬੰਨ੍ਹਣਾ ਨਹੀਂ ਆਉਂਦਾ ਹਾਲੀਂ,
ਉਹ ਰੰਗ ਜਿਹੜਾ ਕਦੀ ਕਦੀ,
ਮੇਰੇ ਅੰਦਰ ਕਣੀਂ ਕਣੀਂ, ਅੱਚਨਚੇਤ ਵਰ੍ਹਦਾ!
ਮਾੜਾ ਮਾੜਾ ਰੰਗ ਕੁਝ ਘੁਲ ਘੁਲ ਸਿੰਮਦਾ।

(ਅ) ਸ਼ਾਂਤ ਸੁਤੇ ਜਮਨਾ ਦੇ ਕੰਢੇ,
ਹਰੇ ਭਰੇ ਅਤੇ ਸਾਵੇ,
ਨੀਂਦ-ਵਿਗੁਤੀ ਜਲ ਧਾਰਾ ਨੂੰ,
ਬੰਨੀ ਵਿਚ ਕਲਾਵੇ। 5

2. ਹੇਠ ਲਿਖੀਆਂ ਕਵਿਤਾਵਾਂ ਵਿੱਚੋਂ ਕਿਸੇ **ਇੱਕ** ਦਾ ਸਾਲ ਜਾਂ ਕੇਂਦਰੀ ਭਾਵ ਲਿਖੋ :

(ੳ) ਇਲਮ ਤੇ ਅਮਲ

(ਅ) ਸਾਉਣ

(ੲ) ਪੰਜਾਬ ਦੇ ਮਜ਼ੂਰ

(ਸ) ਤਾਜ ਮਹਿਲ। 5

3. ਹੇਠ ਲਿਖੀਆਂ ਕਹਾਣੀਆਂ ਵਿੱਚੋਂ ਕਿਸੇ **ਇੱਕ** ਦਾ ਸਾਰ ਲਿਖੋ :

(ੳ) ਸਵੇਰ ਹੋਣ ਤਕ

(ਅ) ਸ਼ੇਰਨੀਆਂ

(ੲ) ਗੋਈ। 5

4. ਹੇਠ ਲਿਖੇ ਕਿਸੇ **ਇੱਕ** ਕਵੀ ਜਾਂ ਕਹਾਣੀਕਾਰ ਦਾ ਜੀਵਨ, ਰਚਨਾ ਅਤੇ ਯੋਗਦਾਨ ਸੰਬੰਧੀ ਚਰਚਾ ਕਰੋ :

(ੳ) ਸੰਤੋਖ ਸਿੰਘ ਧੀਰ

(ਅ) ਮੋਹਨ ਸਿੰਘ। 8

5. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਉਪਰ ਲੇਖ ਲਿਖੋ :

(ੳ) ਵੱਧ ਰਹੀ ਆਬਾਦੀ

(ਅ) ਨੌਜਵਾਨਾਂ ਵਿੱਚ ਨਸ਼ਿਆਂ ਦਾ ਰੁਝਾਨ

(ੲ) ਭਰੂਣ ਹੱਤਿਆ

(ਸ) ਧਾਰਮਿਕ ਕੱਟੜਤਾ। 7

6. ਹੇਠ ਲਿਖੇ ਵਾਕਾਂ ਵਿੱਚੋਂ **ਸੱਤ** ਵਾਕਾਂ ਨੂੰ ਸੋਧ ਕਰਕੇ ਲਿਖੋ :

(ੳ) ਮਸ਼ੀਨਾਂ ਬਰਤਨ ਬਨਾਉਣ ਲਈ ਲਾਈਆਂ ਗਈਆਂ ਹਨ।

(ਅ) ਮਿਹਨਤ ਦਾ ਮਿੱਠਾ ਫਲ ਹੁੰਦਾ ਹੈ

(ੲ) ਉਸਦੇ ਦੋਵੇਂ ਭਰਾ ਵੱਡੇ ਹਨ ਉਸ ਤੋਂ।

(ਸ) ਉਹ ਕਮਲਿਆ ਤੂੰ ਇਹ ਕੀ ਕਹਿਰ ਕੀਤਾ

(ਹ) ਕਲ ਅੱਜ ਦੇ ਯੁਗ ਵਿੱਚ ਰਹਿੰਦਿਆਂ ਹਰੇਕ ਦੇ ਮਨ ਬਿਚੋਂ ਸਾਨਤੀ ਉਡ ਚੁਕੀ ਹੈ

(ਕ) ਭਗਤ ਸਿੰਘ ਦਾ ਨਹਾਰਾ ਸੀ ਇਨਕਲਾਬ ਜਿੰਦਾ ਬਾਦ।

(ਖ) ਮੁੰਡਾ ਨੇ ਸੋਟੀ ਨਾਲ ਕੁੱਤੇ ਨੂੰ ਮਾਰਿਆ

(ਗ) ਸਪਾਹੀ ਨੇ ਚਪੇੜ ਮਾਰ ਕੇ ਮੋਹਨ ਨੂੰ ਥੱਲੇ ਸੁਟ ਲਿਆ

(ਘ) ਪੁਰਾਣੇ ਲੋਗ ਬਹਿਮਾਂ ਭਰਮਾਂ ਵਿੱਚ ਫਸੇ ਹਨ।

(ਙ) ਵਾਹ ਬਈ ਵਾਹ ਇਹ ਤਾਂ ਕਮਾਲ ਹੈ। 7

7. ਹੇਠ ਲਿਖੇ ਤਕਨੀਕੀ ਸ਼ਬਦਾਂ ਵਿੱਚੋਂ ਕਿਸੇ **ਅੱਠ** ਦਾ ਪੰਜਾਬੀ ਅਨੁਵਾਦ ਕਰੋ :

(i) Accountant

(ii) Acknowledgment

(iii) Balance Sheet

(iv) Beneficial

(v) Capital Expenditure

(vi) Capital Goods

(vii) Devaluation

(viii) Dividend

(ix) Export Tax

(x) Gross Profit. 8